**ਦਫ਼ਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ., ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8, ਐੱਸ.ਏ.ਐੱਸ.ਨਗਰ**

**ਵੱਲ**

**ਸਮੂਹ ਸਕੂਲ ਮੁਖੀ (ਪ੍ਰਾਇਮਰੀ)**
**ਪੰਜਾਬ।**

**ਮੀਮੋ ਨੰ. SCERT/PPPP/PRI./2022** 102304 **ਮਿਤੀ:-** 29.04.2022

**ਵਿਸ਼ਾ:- ਪ੍ਰਾਇਮਰੀ ਸਕੂਲਾਂ ਵਿੱਚ ਅਪ੍ਰੈਲ-ਮਈ ਮਹੀਨੇ ਵਿੱਚ ਕਰਵਾਈਆ ਜਾਣ ਵਾਲੀਆਂ ਗਤੀਵਿਧੀਆਂ ਸੰਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2022-23 ਦੀ ਸ਼ੁਰੂਆਤ ਹੋ ਚੁੱਕੀ ਹੈ। ਦਾਖ਼ਲਾ ਮੁਹਿੰਮ ਤਹਿਤ ਵਿਦਿਆਰਥੀਆਂ ਦੇ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਨੂੰ ਲੈ ਕੇ ਸਮੂਹ ਸਕੂਲਾਂ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਦਾਖ਼ਲੇ ਤੋਂ ਇਲਾਵਾ ਸਮੂਹ ਸਕੂਲਾਂ ਨੂੰ ਅਕਾਦਮਿਕ ਅਤੇ ਸਹਿ-ਅਕਾਦਮਿਕ ਗਤੀਵਿਧੀਆਂ ਬਾਰੇ ਅਗਵਾਈ ਦੇਣ ਅਤੇ ਉਹਨਾਂ ਵਿੱਚ ਇਕਸਾਰਤਾ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ/ਸੁਝਾਅ ਦਿੱਤੇ ਜਾ ਰਹੇ ਹਨ:-

2.1 ਸਮੂਹ ਸਕੂਲ ਪ੍ਰੀਖਿਆਵਾਂ ਸੰਬੰਧੀ ਆਪਣੇ ਰਿਕਾਰਡ ਨੂੰ ਹਰ ਪੱਖੋਂ ਮੁਕੰਮਲ ਕਰ ਕੇ ਰੱਖਣ।

2.2 ਈ.-ਪੰਜਾਬ ਪੋਰਟਲ 'ਤੇ ਵਿਦਿਆਰਥੀਆਂ/ਅਧਿਆਪਕਾਂ ਦੀ ਸੂਚਨਾ ਨੂੰ ਅਪਡੇਟ ਕਰ ਦਿੱਤਾ ਜਾਵੇ ਤਾਂ ਵਿਭਾਗ ਨੂੰ ਸਕੂਲਾਂ ਤੋਂ ਵਾਰ-ਵਾਰ ਸੂਚਨਾ ਨਾ ਮੰਗਣੀ ਪਵੇ।

2.3 ਨਵੇਂ ਸੈਸ਼ਨ ਲਈ ਲੋੜੀਂਦੇ ਰਜਿਸਟਰਾਂ ਨੂੰ ਅਪਡੇਟ ਕਰਕੇ ਸਮੁੱਚੇ ਰਿਕਾਰਡ ਨੂੰ ਜਿਲਦਾਂ ਚੜ੍ਹਾ ਕੇ ਪੂਰੀ ਤਿਆਰੀ ਰੱਖੀ ਜਾਵੇ।

2.4 ਅਧਿਆਪਕਾਂ ਨੂੰ ਜਮਾਤ ਅਲਾਟ ਕਰਨ ਦਾ ਕੰਮ ਆਰਡਰ ਬੁੱਕ ਰਾਹੀਂ ਪੂਰਾ ਕਰ ਲਿਆ ਜਾਵੇ ਕੋਈ ਵੀ ਜਮਾਤ ਇੰਚਾਰਜ ਅਧਿਆਪਕ ਤੋਂ ਵਾਂਝੀ ਨਹੀਂ ਹੋਣੀ ਚਾਹੀਦੀ।

2.5 ਰੀਡਿੰਗ ਕਾਰਨਰ ਸਕੂਲ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਗੁਣਾਤਮਿਕ ਸਿੱਖਿਆ ਦੇ ਪੱਖ ਤੋਂ ਰੀਡਿੰਗ ਸੈੱਲ ਨੂੰ ਸੁੰਦਰ ਅਤੇ ਹੋਰ ਉਪਯੋਗੀ ਬਣਾਉਣ ਲਈ ਤਿਆਰ ਕੀਤਾ ਜਾਵੇ।

2.6 ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਕਮਰੇ ਚਾਰ ਕਾਰਨਰਾਂ ਨੂੰ ਸਹੀ ਤਰਤੀਬ ਦੇ ਕੇ ਨਵੇਂ ਆਉਣ ਵਾਲੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਲਈ ਪੂਰੀ ਤਰ੍ਹਾਂ ਤਿਆਰ ਕਰ ਲਿਆ ਜਾਵੇ।

2.7 ਸਵੇਰ ਦੀ ਸਭਾ ਲਈ ਮੁੱਖ ਦਫ਼ਤਰ ਵੱਲੋਂ ਅਧਿਆਪਕਾਂ ਦੀ ਸੁਵਿਧਾ ਲਈ ਰੋਜ਼ਾਨਾ ਸਲਾਈਡ ਭੇਜੀ ਜਾ ਰਹੀ ਹੈ, ਸਵੇਰ ਦੀ ਸਭਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਸਦੀ ਵਰਤੋਂ ਕੀਤੀ ਜਾਵੇ ਅਤੇ ਪੂਰੀ ਤਿਆਰੀ ਨਾਲ ਸਵੇਰ ਦੀ ਸਭਾ ਕਰਵਾਈ ਜਾਵੇ।

2.8 ਸੈਸ਼ਨ 2022-23 ਲਈ ਨਿਰਧਾਰਿਤ ਏਜੰਡੇ ਨੂੰ ਪੂਰਾ ਕਰਨ ਲਈ ਸਮੂਹ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੀ ਸਿਖਲਾਈ ਵੀ ਕਰਵਾਈ ਜਾਣੀ ਹੈ। ਅਪ੍ਰੈਲ ਮਹੀਨੇ ਦੌਰਾਨ ਹੀ ਸਮੂਹ ਅਧਿਆਪਕਾਂ ਦੀ 01 ਦਿਨਾਂ ਸਿਖਲਾਈ ਕਰਵਾਏ ਜਾਣ ਦੀ ਯੋਜਨਾਬੰਦੀ ਕੀਤੀ ਗਈ ਹੈ।

2.9 ਸਿਖਲਾਈ ਉਪਰੰਤ ਸਮੂਹ ਅਧਿਆਪਕ ਆਪਣੀਆਂ ਸੰਬੰਧਿਤ ਜਮਾਤਾਂ ਦੀ ਸਿਖਲਾਈ ਵਿੱਚ ਦੱਸੇ ਅਨੁਸਾਰ ਬੇਸਲਾਈਨ ਕਰਨਗੇ। ਮੁੱਢਲੀਆਂ ਕੁਸ਼ਲਤਾਵਾਂ ਦੇ ਪੱਖ ਤੋਂ ਵਿਦਿਆਰਥੀਆਂ ਦੇ ਸਿੱਖਣ ਪੱਧਰ ਪਰਖਣ ਲਈ ਸੈਂਪਲ ਸਰਵੇ ਅਧਾਰਿਤ ਮੁੱਢਲੀਆ ਕੁਸ਼ਲਤਾਵਾਂ ਦੀ ਜਾਂਚ ਵੀ ਮੁੱਖ ਦਫ਼ਤਰ ਵੱਲੋਂ ਕੀਤੀ ਜਾਣੀ ਹੈ।

2.10 ਪ੍ਰਾਇਮਰੀ ਪੱਧਰ ਦੀਆਂ ਜਮਾਤਾਂ (ਪਹਿਲੀ ਤੋਂ ਪੰਜਵੀਂ) ਲਈ ਅਪ੍ਰੈਲ, ਮਈ ਅਤੇ ਜੁਲਾਈ ਵਿੱਚ ਮੁੱਢਲੀਆਂ ਕੁਸ਼ਲਤਾਵਾਂ 'ਤੇ ਵਿਸ਼ੇਸ਼ ਫੋਕਸ ਕਰਦੇ ਹੋਏ ਤਰਜ਼ੀਹ ਦੇ ਅਧਾਂਰ 'ਤੇ ਇਹਨਾਂ ਤਿੰਨ ਮਹੀਨਿਆਂ ਦੌਰਾਨ ਕੰਮ ਕੀਤਾ ਜਾਣਾ ਹੈ।

2.11 ਪਹਿਲੀ ਜਮਾਤ ਲਈ 'ਵਿੱਦਿਆ ਪ੍ਰਵੇਸ਼' ਮੈਨੂਅਲ ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਪਹਿਲੀ ਜਮਾਤ ਦੇ ਵਿਦਿਆਰਥੀਆਂ ਲਈ ਤਿੰਨ ਮਹੀਨੇ ਲਈ ਵਿਸ਼ੇਸ਼ ਗਤੀਵਿਧੀਆਂ ਕਰਵਾਏ ਜਾਣ ਦੀ ਯੋਜਨਾ ਹੈ, ਜਿਸਦਾ ਵੇਰਵਾ 'ਵਿੱਦਿਆ ਪ੍ਰਵੇਸ਼' ਮੈਨੂਅਲ ਵਿੱਚ ਦਿੱਤਾ ਗਿਆ ਹੈ।

2.12 ਭਾਰਤ ਸਰਕਾਰ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ 3 ਤੋਂ 9 ਸਾਲ ਉਮਰ ਗੁੱਟ ਦੇ ਵਿਦਿਆਰਥੀਆਂ 'ਤੇ ਵਿਸ਼ੇਸ਼ ਤੌਰ 'ਤੇ ਫੋਕਸ ਕਰਦੇ ਹੋਏ Foundational Literacy and Numeracy 'ਤੇ ਨਿਪੁੰਨ ਭਾਰਤ ਮਿਸ਼ਨ ਤਹਿਤ ਕੰਮ ਕੀਤਾ ਜਾਣਾ ਹੈ।

2.13 ਨਿਪੁੰਨ ਭਾਰਤ ਮਿਸ਼ਨ ਤਹਿਤ ਪ੍ਰੀ-ਪ੍ਰਾਇਮਰੀ ਤੋਂ ਤੀਸਰੀ ਜਮਾਤ ਲਈ ਜੋ ਟੀਚੇ ਨਿਰਧਾਰਿਤ ਕੀਤੇ ਗਏ ਹਨ, ਉਹਨਾਂ ਦਾ ਵਿਸਥਾਰਿਤ ਵੇਰਵਾ ਵੀ ਇਸ ਪੱਤਰ ਨਾਲ ਅਨੁਲੱਗ-1 'ਤੇ ਨੱਥੀ ਹੈ। ਇਹਨਾਂ ਟੀਚਿਆਂ ਅਨੁਸਾਰ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ (ਮੁੱਢਲੀਆਂ ਕੁਸ਼ਲਤਾਵਾਂ) ਸੰਬੰਧੀ ਜਮਾਤਵਾਰ ਜੋ ਉਮੀਦਾਂ ਵਿਦਿਆਰਥੀਆਂ ਤੋਂ ਕੀਤੀਆਂ ਜਾਂਦੀਆਂ ਹਨ, ਉਹਨਾਂ ਸੰਬੰਧੀ ਅਧਿਆਪਕ ਸਾਹਿਬਾਨ ਇਹਨਾਂ ਟੀਚਿਆਂ ਅਨੁਸਾਰ ਅਗਵਾਈ ਲੈਣਗੇ।

2.14 ਸੈਸ਼ਨ 2021-22 ਦੌਰਾਨ ਸਮੂਹ ਪ੍ਰਾਇਮਰੀ ਅਧਿਆਪਕਾਂ ਨੂੰ ਸਿੱਖਣ-ਸਿਖਾਉਣ ਮਟੀਰੀਅਲ ਤਿਆਰ ਕਰਨ ਲਈ ਗ੍ਰਾਂਟ ਜਾਰੀ ਕੀਤੀ ਹੈ, ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਆਪਕਾਂ ਨੂੰ ਹੋਰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਟੀ.ਐੱਲ.ਐੱਮ ਤਿਆਰ ਕਰਨ ਦੇ ਮੁਕਾਬਲੇ ਮਈ ਮਹੀਨੇ ਵਿੱਚ ਕਰਵਾਏ ਜਾਣ ਦੀ ਯੋਜਨਾਬੰਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਅਧਿਆਪਕ ਆਪਣੀ ਤਿਆਰੀ ਰੱਖਣ ਤਾਂ ਜੋ ਮੁਕਾਬਲੇ ਦੌਰਾਨ ਵੱਖ-ਵੱਖ ਟੀ.ਐੱਲ.ਐੱਮ. ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਸੁਧਾਰ ਕਰਨ ਲਈ ਤਿਆਰ ਹੋ ਸਕਣ।

2.15 ਜਮਾਤ ਦੇ ਕਮਰੇ ਟੀ.ਐੱਲ.ਐੱਮ. ਅਤੇ ਹੋਰ ਸਿੱਖਣ ਸਮੱਗਰੀ ਨਾਲ ਪੜ੍ਹਨ/ਸਿੱਖਣ ਸਿਖਾਉਣ ਲਈ ਤਿਆਰ ਕਰ ਲਏ ਜਾਣ।

**ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ।**

**ਪਿੱਠ ਅੰਕਣ ਨੰ. SCERT/PPPP/PRI./2022** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:**

**1. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

**2. ਡੀ.ਪੀ.ਆਈ. (ਐ.ਸਿੱ) ਪੰਜਾਬ।**

**3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)**

-ਸਹੀ-

**ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ।**

# ਨਿਪੁੰਨ ਭਾਰਤ ਮਿਸ਼ਨ ਤਹਿਤ ਟੀਚੇ

| 5-6 ਸਾਲ ਦੀ ਉਮਰ | |
|---|---|
| ਮੌਖਿਕ ਭਾਸ਼ਾ | 1. ਦੋਸਤਾਂ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਦਾ ਹੈ।<br>2. ਸਮਝ ਕੇ ਤੁਕਾਂਤ/ਕਵਿਤਾਵਾਂ ਗਾਉਂਦਾ ਹੈ। |
| ਪੜ੍ਹਨਾ | 1. ਕਿਤਾਬਾਂ ਵੱਲ ਦੇਖਦਾ ਹੈ ਅਤੇ ਤਸਵੀਰਾਂ ਦੀ ਮੱਦਦ ਨਾਲ ਕਹਾਣੀ-ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ।<br>2. ਕੁੱਝ ਜਾਣੇ-ਪਛਾਣੇ ਦੁਹਰਾਏ ਗਏ ਸ਼ਬਦਾਂ ਨੂੰ ਦੱਸਣਾ ਅਤੇ ਪਛਾਣਨਾ ਸ਼ੁਰੂ ਕਰਦਾ ਹੈ (ਸ਼ਬਦਾਂ ਜਾਂ ਡੱਬਿਆਂ/ ਖਾਣੇ ਦੇ ਕਾਗਜ਼ਾਂ ਤੇ ਸ਼ਬਦਾਂ ਨੂੰ ਦੇਖਦਾ ਹੈ)।<br>3. ਅੱਖਰਾਂ ਅਤੇ ਸੰਬੰਧਤ ਧੁਨੀਆਂ ਨੂੰ ਪਛਾਣਦਾ ਹੈ।<br>4. ਘੱਟ ਤੋਂ ਘੱਟ 2 ਤੋਂ 3 ਅੱਖਰਾਂ ਤੋਂ ਬਣੇ ਸੌਖੇ ਸ਼ਬਦਾਂ ਨੂੰ ਪੜ੍ਹਦਾ ਹੈ। |
| ਲਿਖਣਾ | 1. ਖੇਡਣ ਵੇਲੇ ਲਿਖਣ ਦੀ ਨਕਲ ਕਰਦਾ ਹੈ, ਪਛਾਣੇ ਹੋਏ ਅੱਖਰ ਬਣਾਉਣਾ ਸ਼ੁਰੂ ਕਰਦਾ ਹੈ।<br>2. ਸਵੈ-ਪ੍ਰਗਟਾਵੇ ਲਈ ਲਿਖਦਾ/ਬਣਾਉਂਦਾ ਅਤੇ ਰੰਗ ਭਰਦਾ ਹੈ।<br>3. ਪੈਂਸਿਲ ਦੀ ਵਰਤੋਂ ਕਰਦਾ ਹੈ ਅਤੇ ਪਛਾਣੇ ਹੋਏ ਅੱਖਰ ਬਣਾਉਣ ਲਈ ਉਸ ਨੂੰ ਸਹੀ ਢੰਗ ਨਾਲ ਫੜਦਾ ਹੈ।<br>4. ਆਪਣੇ ਪਹਿਲੇ ਨਾਮ ਨੂੰ ਲਿਖਦਾ/ਲਿਖਦੀ ਹੈ ਅਤੇ ਪਛਾਣਦਾ/ਪਛਾਣਦੀ ਹੈ। |
| ਸੰਖਿਆ ਗਿਆਨ | 1. ਵਸਤੂਆਂ ਨੂੰ ਗਿਣਦਾ ਹੈ ਅਤੇ ਉਹਨਾਂ ਦਾ ਤਾਲਮੇਲ 10 ਤੱਕ ਦੇ ਅੰਕਾਂ ਨਾਲ ਕਰਦਾ ਹੈ।<br>2. 10 ਤੱਕ ਅੰਕਾਂ ਨੂੰ ਪਛਾਣਦਾ ਅਤੇ ਪੜ੍ਹਦਾ ਹੈ।<br>3. ਦੋ ਸਮੂਹਾਂ ਦੀ ਤੁਲਨਾ ਲਈ ਵਸਤੂਆਂ ਦੀ ਗਿਣਤੀ ਕਰਦਾ ਹੈ ਅਤੇ ਸ਼ਬਦਾਂ ਜਿਵੇਂ ਕਿ ਤੋਂ ਵੱਧ/ਤੋਂ ਘੱਟ/ਬਰਾਬਰ ਆਦਿ ਦੀ ਵਰਤੋਂ ਕਰਦਾ ਹੈ।<br>4. ਅੰਕਾਂ/ ਵਸਤੂਆਂ/ ਆਕ੍ਰਿਤੀਆਂ/ ਘਟਨਾਵਾਂ ਨੂੰ ਕ੍ਰਮ ਵਿੱਚ ਵਿਵਸਥਿਤ ਕਰਦਾ ਹੈ।<br>5. ਵਸਤੂਆਂ ਨੂੰ ਉਹਨਾਂ ਦੀਆਂ ਦੇਖਣਯੋਗ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਸ਼੍ਰੇਣੀਬੱਧ ਕਰਦਾ ਹੈ ਅਤੇ ਸ਼੍ਰੇਣੀਬੱਧਤਾ ਦੇ ਮਾਪਦੰਡਾਂ ਬਾਰੇ ਦੱਸਦਾ ਹੈ।<br>6. ਆਪਣੇ ਆਲੇ ਦੁਆਲੇ ਦੀਆਂ ਅਲੱਗ-ਅਲੱਗ ਵਸਤੂਆਂ ਦੇ ਮੁਤਾਬਿਕ ਤੁਲਨਾਤਮਕ ਸ਼ਬਦਾਂ ਜਿਵੇਂ ਕਿ ਵੱਡਾ, ਸਭ ਤੋਂ ਵੱਡਾ, ਲੰਬਾ, ਸਭ ਤੋਂ ਲੰਬਾ, ਛੋਟਾ, ਸਭ ਤੋਂ ਛੋਟਾ, ਤੋਂ ਭਾਰੀ, ਤੋਂ ਹਲਕਾ ਆਦਿ ਲਈ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ |

ਜਮਾਤ 1 ਜਾਂ ਉਮਰ 6-7 ਦੇ ਟੀਚੇ

| ਟੀਚਾ: ਪੜ੍ਹਨ-ਲਿਖਣ ਦੀ ਸਮਰੱਥਾ (ਸਾਖਰਤਾ) ਅਤੇ ਅੰਕਾਂ ਦਾ ਗਿਆਨ | |
|---|---|
| ਮੌਖਿਕ ਭਾਸ਼ਾ | 1. ਦੋਸਤਾਂ ਅਤੇ ਜਮਾਤ ਦੇ ਅਧਿਆਪਕਾਂ ਨਾਲ ਆਪਣੀਆਂ ਲੋੜਾਂ, ਆਲੇ-ਦੁਆਲੇ ਬਾਰੇ ਗੱਲਬਾਤ ਕਰਨਾ।<br>2. ਕਲਾਸਰੂਮ ਵਿੱਚ ਉਪਲੱਬਧ ਪ੍ਰਿੰਟ (ਛਪੀ ਹੋਈ ਸਮੱਗਰੀ) ਬਾਰੇ ਗੱਲ ਕਰਨਾ।<br>3. ਇਸ਼ਾਰਿਆਂ ਅਤੇ ਪ੍ਰਤੀਕਿਰਿਆ ਦੇ ਨਾਲ ਤੁਕਾਂ/ਕਵਿਤਾਵਾਂ/ਗਾਣੇ ਸੁਣਾਉਣਾ। |
| ਪੜ੍ਹਨਾ | 1. ਉੱਚੀ ਬੋਲ ਕੇ ਪੜ੍ਹਨ/ਕਹਾਣੀ ਸੁਣਾਉਣ ਦੇ ਸੈਸ਼ਨਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਅਤੇ ਕਹਾਣੀ ਸੈਸ਼ਨ ਦੇ ਦੌਰਾਨ ਅਤੇ ਬਾਅਦ ਵਿੱਚ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ ; ਸਾਮਾਨ ਅਤੇ ਕਠਪੁਤਲੀਆਂ ਨਾਲ ਜਾਣੀ-ਪਹਿਚਾਣੀ ਕਹਾਣੀ ਪ੍ਰਦਰਸ਼ਨ (ਪੇਸ਼) ਕਰਨਾ ਹੈ<br>2. ਸ਼ਬਦ-ਜੋੜਾਂ (ਸਪੈਲਿੰਗ) ਨਾਲ ਸ਼ਬਦਾਂ ਨੂੰ ਲਿਖਣ ਲਈ ਧੁਨੀ ਪ੍ਰਤੀਕ ਦੀ ਵਰਤੋਂ ਕਰਨਾ।<br>3. ਉਮਰ ਦੇ ਅਨੁਸਾਰ 4-5 ਸਧਾਰਨ ਸ਼ਬਦਾਂ ਤੋਂ ਬਣੇ ਅਣਡਿੱਠੇ ਪੈਰੇ ਪੜ੍ਹਨਾ। |
| ਲਿਖਣਾ | 1. ਜਾਣੇ-ਪਹਿਚਾਣੇ ਪ੍ਰਸੰਗਾਂ (ਕਹਾਣੀ/ ਕਵਿਤਾਵਾਂ/ ਵਾਤਾਵਰਨ ਪ੍ਰਿੰਟ ਆਦਿ) ਵਿੱਚ ਆਉਣ ਵਾਲੇ ਸ਼ਬਦਾਂ ਵਿੱਚ ਮਾਤਰਾਵਾਂ ਵਿਚ ਆਪਣੀ ਸਮਝ ਬਣਾਉਂਦਾ ਹੈ<br>2. ਅਰਥ ਦੱਸਣ ਲਈ ਚੀਜ਼ਾਂ ਬਾਰੇ ਲਿਖਦਾ ਅਤੇ ਬਣਾਉਂਦਾ ਹੈ ਅਤੇ ਆਪਦੀ ਵਰਕਸ਼ੀਟ ਤੇ ਨਾਮ ਦੱਸਣ, ਸ਼ੁੱਭ ਕਾਮਨਾਵਾਂ ਦੇ ਮੈਸੇਜ ਭੇਜਣ ਯੋਗ ਹੈ ।ਚੀਜ਼ਾਂ/ਲੋਕਾਂ ਦੀਆਂ ਅਜਿਹੀਆਂ ਤਸਵੀਰਾਂ ਬਣਾਉਂਦਾ ਹੈ ਜੋ ਪਹਿਚਾਣਣ ਯੋਗ ਹਨ। |
| ਅੰਕ ਗਿਆਨ | 1. 20 ਤੱਕ ਵਸਤੂਆਂ ਦੀ ਗਿਣਤੀ ਕਰਦਾ ਹੈ<br>2. 99 ਤੱਕ ਦੇ ਅੰਕ ਪੜ੍ਹਦਾ ਅਤੇ ਲਿਖਦਾ ਹੈ<br>3. ਰੋਜ਼ਾਨਾ ਜ਼ਿੰਦਗੀ ਦੀਆਂ ਸਮੱਸਿਆਵਾਂ ਵਿੱਚ 9 ਤੱਕ ਦੇ ਅੰਕਾਂ ਦੇ ਜੋੜ ਅਤੇ ਘਟਾਓ ਦੀ ਵਰਤੋਂ ਕਰਦਾ ਹੈ।<br>4. ਉਸਦੇ ਆਲੇ-ਦੁਆਲੇ 3 D ਆਕ੍ਰਿਤੀਆਂ (ਠੋਸ ਆਕਾਰਾਂ) ਦੀਆਂ ਭੌਤਿਕ ਵਿਸ਼ੇਸ਼ਤਾਵਾਂ ਨੂੰ ਵੇਖਦਾ ਅਤੇ ਵਰਣਨ ਕਰਦਾ ਹੈ ਜਿਵੇਂ ਗੋਲ/ਸਮਤਲ ਸਤ੍ਹਾਂ, ਸਿਖਰਾਂ ਅਤੇ ਕਿਨਾਰਿਆਂ ਦੀ ਸੰਖਿਆ ਆਦਿ।<br>5. ਗੈਰ-ਮਿਆਰੀ / ਗੈਰ-ਇਕਸਾਰ ਇਕਾਈਆਂ ਜਿਵੇਂ ਕਿ ਹੱਥਾਂ ਨਾਲ ਮਾਪ, ਕਦਮਾਂ ਦੁਆਰਾ ਗਿਣਤੀ, ਉਂਗਲਾਂ ਆਦਿ ਨਾਲ ਲੰਬਾਈ ਦਾ ਅਤੇ ਗੈਰ-ਮਿਆਰੀ / ਗੈਰ-ਇਕਸਾਰ ਇਕਾਈਆਂ ਜਿਵੇਂ ਕੱਪ, ਚਮਚਾ, ਮੱਗ ਆਦਿ ਦੀ ਵਰਤੋਂ ਕਰਕੇ ਸਮਰੱਥਾ ਦਾ ਅਨੁਮਾਨ ਲਗਾਉਂਦਾ ਅਤੇ ਤਸਦੀਕ ਕਰਦਾ ਹੈ।<br>6. ਆਕ੍ਰਿਤੀਆਂ ਅਤੇ ਸੰਖਿਆਵਾਂ ਦੀ ਵਰਤੋਂ ਕਰਦਿਆਂ ਛੋਟੀਆਂ ਕਵਿਤਾਵਾਂ ਅਤੇ ਕਹਾਣੀਆਂ ਬਣਾਉਂਦਾ ਅਤੇ ਸੁਣਾਉਂਦਾ ਹੈ। |

ਜਮਾਤ 2 ਜਾਂ ਉਮਰ 7-8 ਦੇ ਟੀਚੇ

| ਟੀਚਾ: ਪੜ੍ਹਨ-ਲਿਖਣ ਦੀ ਸਮਰੱਥਾ ਅਤੇ ਅੰਕਾਂ ਦਾ ਗਿਆਨ | |
|---|---|
| ਮੌਖਿਕ ਭਾਸ਼ਾ | 1. ਕਲਾਸਰੂਮ ਵਿੱਚ ਉਪਲੱਬਧ ਪ੍ਰਿੰਟ ਬਾਰੇ ਗੱਲਬਾਤ ਕਰਦਾ ਹੈ।<br>2. ਪ੍ਰਸ਼ਨ ਪੁੱਛਣ ਅਤੇ ਦੂਜਿਆਂ ਨੂੰ ਸੁਣਨ ਲਈ ਗੱਲਬਾਤ ਵਿੱਚ ਸ਼ਾਮਲ ਹੁੰਦਾ ਹੈ।<br>3. ਗਾਣੇ/ ਕਵਿਤਾਵਾਂ ਸੁਣਾਉਂਦਾ ਹੈ।<br>4. ਕਹਾਣੀਆਂ/ਕਵਿਤਾਵਾਂ/ਪ੍ਰਿੰਟ ਆਦਿ ਵਿੱਚ ਬਾਰ-ਬਾਰ ਆਉਣ ਵਾਲੇ ਜਾਣੇ-ਪਹਿਚਾਣੇ ਸ਼ਬਦਾਂ ਨੂੰ ਦੁਹਰਾਉਂਦਾ ਹੈ। |
| ਪੜ੍ਹਨਾ | 1. ਬੱਚਿਆਂ ਦੇ ਸਾਹਿਤ/ਪਾਠ ਪੁਸਤਕ ਦੀਆਂ ਕਹਾਣੀਆਂ ਪੜ੍ਹਦਾ ਅਤੇ ਸੁਣਾਉਂਦਾ/ਦੁਬਾਰਾ ਦੱਸਦਾ ਹੈ।<br>2. ਦਿੱਤੇ ਗਏ ਸ਼ਬਦ ਦੇ ਅੱਖਰਾਂ ਤੋਂ ਨਵੇਂ ਸ਼ਬਦ ਬਣਾਉਂਦਾ ਹੈ।<br>3. ਉਮਰ ਦੇ ਅਨੁਕੂਲ ਸਹੀ ਗਤੀ (ਲਗਭਗ 45 ਤੋਂ 60 ਸ਼ਬਦ ਪ੍ਰਤੀ ਮਿੰਟ ਸਹੀ ਹੁੰਦੇ ਹਨ), ਸਮਝ, ਅਤੇ ਸਪਸ਼ਟਤਾ ਨਾਲ ਸਧਾਰਨ ਸ਼ਬਦਾਂ ਦੇ ਨਾਲ 8-10 ਵਾਕਾਂ ਦੇ ਪਾਠ ਨੂੰ ਪੜ੍ਹਦਾ ਹੈ |
| ਲਿਖਣਾ | 1. ਆਪਣੇ ਆਪ ਨੂੰ ਪ੍ਰਗਟਾਉਣ ਲਈ ਛੋਟੇ/ਸਰਲ ਵਾਕ ਸਹੀ ਢੰਗ ਨਾਲ ਲਿਖਦੀ ਹੈ।<br>2. ਨਾਮ ਵਾਲੇ ਸ਼ਬਦਾਂ, ਕਿਰਿਆ ਸ਼ਬਦਾਂ ਅਤੇ ਵਿਰਾਮ ਚਿੰਨ੍ਹਾਂ ਨੂੰ ਪਹਿਚਾਣਦੀ ਹੈ। |
| ਅੰਕਾਂ ਦਾ ਗਿਆਨ | 1. 999 ਤੱਕ ਸੰਖਿਆਵਾਂ ਪੜ੍ਹਦਾ ਅਤੇ ਲਿਖਦਾ ਹੈ।<br>2. ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਵਿੱਚ 99 ਤੱਕ ਦੀ ਸੰਖਿਆ ਦੇ ਜੋੜ ਅਤੇ ਘਟਾਓ ਦੀ ਵਰਤੋਂ ਕਰਦਾ ਹੈ (ਜਿਸਦਾ ਜੋੜ 99 ਤੋਂ ਵੱਧ ਨਾ ਹੋਵੇ)।<br>3. ਵਾਰ-ਵਾਰ ਜੋੜ ਅਤੇ ਭਾਗ ਨੂੰ ਬਰਾਬਰ ਵੰਡ/ਸਾਂਝ ਦੇ ਰੂਪ ਵਿੱਚ ਗੁਣਾ ਕਰਦਾ ਹੈ ਅਤੇ 2, 3 ਅਤੇ 4 ਦੇ ਗੁਣਾ ਤੱਥ (ਸਾਰਣੀ) ਬਣਾਉਂਦਾ ਹੈ।<br>4. ਡੰਡਾ, ਪੈਨਸਿਲ, ਧਾਗਾ, ਪਿਆਲਾ, ਚਮਚਾ, ਮੱਗ ਆਦਿ ਵਰਗੇ ਗੈਰ-ਮਿਆਰੀ ਇਕਸਾਰ ਇਕਾਈਆਂ ਦੀ ਵਰਤੋਂ ਕਰਦਿਆਂ ਲੰਬਾਈ/ਦੂਰੀ/ਸਮਰੱਥਾ ਦਾ ਅਨੁਮਾਨ ਲਗਾਉਂਦਾ, ਮਾਪਦਾ ਹੈ ਅਤੇ ਸਧਾਰਨ ਤਕੜੀ ਦੀ ਵਰਤੋਂ ਕਰਦਿਆਂ ਭਾਰ ਦੀ ਤੁਲਨਾ ਕਰਦਾ ਹੈ।<br>5. 2-ਪਸਾਰੀ ਆਕ੍ਰਿਤੀਆਂ ਦੀ ਪਹਿਚਾਣ ਅਤੇ ਵਰਣਨ ਕਰਦਾ ਹੈ ਜਿਵੇਂ ਆਇਤ, ਤਿਕੋਣ, ਚੱਕਰ, ਅੰਡਾਕਾਰ ਆਦਿ। ਸਥਾਨਿਕ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ ਜਿਵੇਂ ਦੂਰ/ਨੇੜੇ, ਅੰਦਰ/ਬਾਹਰ, ਉੱਪਰ/ਹੇਠਾਂ, ਖੱਬੇ/ਸੱਜੇ, ਅੱਗੇ/ਪਿੱਛੇ, ਆਦਿ।<br>6. ਸੰਖਿਆਵਾਂ ਅਤੇ ਆਕ੍ਰਿਤੀਆਂ ਦੀ ਵਰਤੋਂ ਕਰਦਿਆਂ ਸਧਾਰਨ ਬੁਝਾਰਤਾਂ ਬਣਾਉਂਦਾ ਅਤੇ ਹੱਲ ਕਰਦਾ ਹੈ। |

## ਜਮਾਤ 3 ਜਾਂ ਉਮਰ 8-9 ਦੇ ਟੀਚੇ

| ਟੀਚੇ: ਪੜ੍ਹਨ-ਲਿਖਣ ਦੀ ਸਮਰੱਥਾ ਅਤੇ ਅੰਕਾਂ ਦਾ ਗਿਆਨ | |
|---|---|
| ਮੌਖਿਕ ਭਾਸ਼ਾ | 1. ਘਰੇਲੂ/ ਸਕੂਲੀ ਭਾਸ਼ਾ ਵਿੱਚ ਢੁੱਕਵੀਂ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਸਪੱਸ਼ਟਤਾ (ਸਪੱਸ਼ਟ ਤਰੀਕੇ) ਨਾਲ ਗੱਲਬਾਤ ਕਰਦਾ ਹੈ।<br>2. ਕਲਾਸਰੂਮ ਵਿੱਚ ਉਪਲੱਬਧ ਪ੍ਰਿੰਟ ਬਾਰੇ ਗੱਲਬਾਤ ਕਰਦਾ ਹੈ।<br>3. ਪ੍ਰਸ਼ਨ ਪੁੱਛਣ, ਤਜ਼ਰਬਿਆਂ ਨੂੰ ਬਿਆਨ ਕਰਨ, ਦੂਜਿਆਂ ਨੂੰ ਸੁਣਨ ਅਤੇ ਜਵਾਬ ਦੇਣ ਲਈ ਗੱਲਬਾਤ ਵਿੱਚ ਸ਼ਾਮਲ ਹੁੰਦਾ ਹੈ।<br>4. ਕਵਿਤਾਵਾਂ ਨੂੰ ਵਿਅਕਤੀਗਤ ਤੌਰ ਤੇ ਅਤੇ ਇਕੱਠ ਵਿੱਚ ਆਵਾਜ਼ ਵਿੱਚ ਉੱਪਰ-ਥੱਲੇ ਕਰਕੇ ਸੁਰ ਵਿੱਚ ਗਾਉਂਦਾ/ਪੜ੍ਹਦਾ ਹੈ। |
| ਪੜ੍ਹਨਾ | 1. ਜਾਣੀਆਂ ਪਹਿਚਾਣੀਆਂ ਕਿਤਾਬਾਂ/ਪਾਠ ਪੁਸਤਕਾਂ ਵਿੱਚੋਂ ਜਾਣਕਾਰੀ ਲੱਭਦਾ ਹੈ।<br>2. ਉਮਰ ਦੇ ਅਨੁਕੂਲ ਅਗਿਆਤ/ਨਵੇਂ ਪਾਠ ਦੇ ਘੱਟੋ ਘੱਟ 60 ਸ਼ਬਦ ਪ੍ਰਤੀ ਮਿੰਟ ਸਹੀ ਢੰਗ ਨਾਲ ਅਤੇ ਭਾਸ਼ਾ ਦੇ ਅਧਾਰ ਤੇ ਸਮਝ ਨਾਲ ਅਤੇ ਸਹੀ ਉਚਾਰਨ ਨਾਲ ਪੜ੍ਹਦਾ ਹੈ।<br>3. ਪਾਠ ਵਿੱਚ ਦਿੱਤੀਆਂ ਹਦਾਇਤਾਂ ਨੂੰ ਪੜ੍ਹਦਾ ਅਤੇ ਉਹਨਾਂ ਦੀ ਪਾਲਣਾ ਕਰਦਾ ਹੈ<br>4. ਉਮਰ ਦੇ ਅਨੁਕੂਲ 8-10 ਵਾਕਾਂ ਦੀ ਨਵੀਂ ਕਹਾਣੀ/ਪੈਰੇ ਨੂੰ ਪੜ੍ਹਨ ਦੇ ਅਧਾਰ ਤੇ 4 ਵਿੱਚੋਂ ਘੱਟੋ ਘੱਟ 3 ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੈ। |
| ਲਿਖਣਾ | 1. ਵੱਖ-ਵੱਖ ਉਦੇਸ਼ਾਂ ਲਈ ਛੋਟੇ ਸੰਦੇਸ਼ ਲਿਖਦਾ ਹੈ।<br>2. ਲਿਖਣ ਲਈ ਕਿਰਿਆ ਵਾਲੇ, ਨਾਮਾਂ ਵਾਲੇ ਸ਼ਬਦਾਂ ਅਤੇ ਵਿਰਾਮ ਚਿੰਨ੍ਹਾਂ ਦੀ ਵਰਤੋਂ ਕਰਦਾ ਹੈ।<br>3. ਵਿਆਕਰਣ ਪੱਖੋਂ (ਸੰਬੰਧੀ) ਸਹੀ ਵਾਕ ਲਿਖਦਾ ਹੈ।<br>4. ਵਿਆਕਰਣ ਪੱਖੋਂ ਸਹੀ ਵਾਕਾਂ ਦੇ ਨਾਲ ਛੋਟੇ ਪੈਰੇ ਅਤੇ ਛੋਟੀਆਂ ਕਹਾਣੀਆਂ ਆਪਣੇ ਆਪ ਲਿਖਦਾ ਹੈ। |
| ਅੰਕਾਂ ਦਾ ਗਿਆਨ | 1. 9999 ਤਕ ਸੰਖਿਆਵਾਂ ਪੜ੍ਹਦਾ ਅਤੇ ਲਿਖਦਾ ਹੈ<br>2. 999 ਤੱਕ ਦੀਆਂ ਸੰਖਿਆਵਾਂ ਦੇ ਜੋੜ ਅਤੇ ਘਟਾਓ, ਜਿਹਨਾਂ ਦਾ ਜੋੜ 999 ਤੋਂ ਵੱਧ ਨਾ ਹੋਵੇ ਦੀ ਵਰਤੋਂ ਕਰਕੇ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਦਾ ਹੈ<br>3. 2 ਤੋਂ 10 ਤੱਕ ਅੰਕਾਂ (ਸੰਖਿਆਵਾਂ) ਦੀ ਗੁਣਾ ਸਾਰਣੀ (ਪਹਾੜੇ) ਬਣਾਉਂਦਾ ਹੈ ਅਤੇ ਇਸਦੀ ਵਰ੍ਤੋਂ ਕਰਦਾ ਹੈ।<br>4. ਮਿਆਰੀ ਇਕਾਈਆਂ ਜਿਵੇਂ ਕਿ ਮੀਟਰ, ਕਿਲੋਮੀਟਰ, ਗ੍ਰਾਮ, ਕਿਲੋਗ੍ਰਾਮ, ਲੀਟਰ ਆਦਿ ਦੀ ਵਰਤੋਂ ਕਰਦਿਆਂ ਲੰਬਾਈ/ਦੂਰੀ, ਭਾਰ ਅਤੇ ਮਾਤਰਾ ਦਾ ਅਨੁਮਾਨ ਲਗਾਉਂਦਾ ਅਤੇ ਮਾਪਦਾ ਹੈ।<br>5. 2 ਪਸਾਰੀ ਆਕ੍ਰਿਤੀਆਂ ਨੂੰ 3 ਪਸਾਰੀ ਆਕ੍ਰਿਤੀਆਂ (ਠੋਸ ਆਕਾਰਾਂ) ਨੂੰ ਪਹਿਚਾਣਦਾ ਹੈ ਅਤੇ ਉਹਨਾਂ ਨਾਲ ਸੰਬੰਧਿਤ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਪਾਸੇ, ਕਿਨਾਰਿਆਂ ਅਤੇ ਕੋਨਿਆਂ (ਖੂੰਜਿਆਂ) ਦੀ ਗਿਣਤੀ ਆਦਿ ਦਾ ਵਰਣਨ ਕਰਦਾ ਹੈ।<br>6. ਕੈਲੰਡਰ ਤੇ ਕਿਸੇ ਖਾਸ ਤਾਰੀਖ (ਮਿਤੀ) ਅਤੇ ਉਸਦੇ ਅਨੁਸਾਰ ਦਿਨ ਦੀ ਪਹਿਚਾਣ ਕਰਦਾ ਹੈ; ਘੰਟਿਆਂ ਅਤੇ ਅੱਧੇ ਘੰਟਿਆਂ ਵਿੱਚ (ਮੁਤਾਬਿਕ) ਘੜੀ ਉੱਤੇ ਸਮਾਂ ਦੇਖਦਾ ਹੈ।<br>7. ਪੂਰੇ ਦੇ ਅੱਧੇ, ਇੱਕ-ਚੌਥਾਈ, ਤਿੰਨ-ਚੌਥਾਈ ਭਾਗ ਨੂੰ ਅਤੇ ਵਸਤੂਆਂ ਦੇ ਸੰਗ੍ਰਹਿ ਵਿੱਚੋਂ ਪਹਿਚਾਣ ਕਰਦਾ ਹੈ।<br>8. ਸੰਖਿਆਵਾਂ, ਕੰਮਾਂ ਅਤੇ ਆਕ੍ਰਿਤੀਆਂ ਦੀ ਆਮ ਤਰਤੀਬ ਦੇ ਨਿਯਮਾਂ ਦੀ ਪਹਿਚਾਣ ਕਰਦਾ ਹੈ, ਅੱਗੇ ਵਧਾਉਂਦਾ ਹੈ ਅਤੇ ਦੱਸਦਾ ਹੈ। |